12 ਤੋਂ 15 ਸਾਲ ਦੇ ਵਿਅਕਤੀ BioNTech (ਬਾਇਓਨਟੈਕ) ਟੀਕਾ ਪ੍ਰਾਪਤ ਕਰਨ ਲਈ ਰਿਜ਼ਰਵੇਸ਼ਨ ਕਰ ਸਕਦੇ ਹਨ

ਸਰਕਾਰ ਨੇ BioNTech (ਬਾਇਓਨਟੈਕ) ਟੀਕਾ ਲਗਵਾਉਣ ਲਈ ਘੱਟੋ ਘੱਟ ਉਮਰ ਨੂੰ 16 ਤੋਂ ਘਟਾ ਕੇ 12 ਕਰ ਦਿੱਤਾ ਹੈ। 12 ਤੋਂ 17 ਸਾਲ ਦੀ ਉਮਰ ਦੇ ਵਿਅਕਤੀ ਸਾਰੇ ਖੇਤਰਾਂ ਵਿੱਚ 24 ਕਮਿਊਨਿਟੀ ਟੀਕਾਕਰਣ ਕੇਂਦਰਾਂ ਵਿੱਚ BioNTech (ਬਾਇਓਨਟੈਕ) ਟੀਕਾਕਰਣ ਪ੍ਰਾਪਤ ਕਰਨ ਲਈ ਟੀਕਾਕਰਣ ਪ੍ਰੋਗਰਾਮ ਦੀ ਨਿਰਧਾਰਤ ਵੈੱਬਸਾਈਟ (www.covidvaccine.gov.hk) 'ਤੇ ਆਨਲਾਈਨ ਬੁਕਿੰਗ ਸਿਸਟਮ ਰਾਹੀਂ ਰਿਜ਼ਰਵੇਸ਼ਨ ਕਰ ਸਕਦੇ ਹਨ ਅਤੇ ਉਹਨਾਂ ਨੂੰ ਟੀਕਾ ਲਗਾਉਣ ਲਈ ਆਪਣੇ ਮਾਪਿਆਂ ਦੁਆਰਾ ਦਸਤਖਤ ਕੀਤੇ ਸਹਿਮਤੀ ਫਾਰਮ ਨੂੰ ਲਿਆਉਣਾ ਜ਼ਰੂਰੀ ਹੈ। ਸਹਿਮਤੀ ਫਾਰਮ ਨੂੰ ਨਿਰਧਾਰਤ ਵੈੱਬਸਾਈਟ ਤੋਂ ਡਾਊਨਲੋਡ ਕੀਤਾ ਜਾ ਸਕਦਾ ਹੈ।

ਸਾਨੂੰ ਜਿੰਨੀ ਜਲਦੀ ਹੋ ਸਕੇ ਹਾਂਗ ਕਾਂਗ ਵਿੱਚ ਇੱਕ ਪ੍ਰਤੀਰੋਧਤਾ ਦੀ ਦੀਵਾਰ ਬਣਾਉਣੀ ਪਵੇਗੀ ਅਤੇ ਅਗਲੇ ਤਿੰਨ ਮਹੀਨੇ ਮਹਾਤਵਪੂਰਨ ਹੋਣਗੇ। ਸਾਨੂੰ ਆਪਣੇ, ਆਪਣੇ ਪਰਿਵਾਰਾਂ ਅਤੇ ਦੋਸਤਾਂ ਦੀ ਰੱਖਿਆ ਕਰਨ ਲਈ ਅਗਸਤ 2021 ਦੇ ਅੰਤ ਤੱਕ ਟੀਕੇ ਦੀ ਪਹਿਲੀ ਖੁਰਾਕ ਪ੍ਰਾਪਤ ਕਰਨ ਲਈ ਤੇਜ਼ੀ ਨਾਲ ਕੰਮ ਕਰਨਾ ਚਾਹੀਦਾ ਹੈ।